Price : Rs.5.00

ਸਪਤਾਹਿਕ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਸਦਕਾ

# ਸਤਿਯੁਗ

ਹੋਏ ਇਕੱਤ੍ਰ ਮਿਲੋ ਮੇਰੇ ਭਾਈ॥ ਦੁਬਿਧਾ ਦੂਰ ਕਰੋ ਲਿਵ ਲਾਈ॥

www.namdharisangat.org | Edition- July, 2014. | 23June - 01 July 2014

## ਹੁਕਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
## ਮੈਂ ਵੱਡੇ ਕਾਕੇ ਨੂੰ ਬਾਰਹ ਵੰਨੀਂ ਦਾ ਬਨਾ ਦਿੱਤਾ ਹੈ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਦਲੀਪ ਸਿੰਘ ਜੀ

# ਸਮੇਂ ਦਾ ਗੇੜ

ਨਾਮਧਾਰੀ ਸਮਾਜ ਦੇ ਬਾਰੇ ਪੂਰੀ ਦੁਨਿਆਂ ਜਾਣਦੀ ਹੈ ਕਿ ਅੰਗ੍ਰੇਜਾਂ ਵਿਰੁੱਧ ਆਂਦੋਲਨ ਵਿਚ ਨਾਮਧਾਰੀਆਂ ਨੇ ਪ੍ਰਾਣ ਫੂਕੇ ਅਤੇ ਆਜਾਦੀ ਦੀ ਜੋਤ ਨੂੰ ਦੇਸ਼ਵਾਸੀਆਂ ਦੇ ਦਿਲਾਂ ਵਿਚ ਜਗਾਇਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਪੂਰੀ ਦੁਨਿਆਂ ਜਾਣਦੀ ਹੈ ਕਿ ਸਿੱਖਾਂ ਨੂੰ ਦੇਸ਼ ਦੀ ਆਜਾਦੀ ਲਈ ਕਿਵੇਂ ਸੰਗਠਿਤ ਕੀਤਾ। ਜਿਹਨਾ ਦੀ ਗਿਣਤੀ ਥੋੜੇ ਸਮੇਂ ਵਿਚ ਸੱਤ ਲੱਖ ਹੋ ਜਾਣੀ ਵਿਦੇਸ਼ੀ ਸਰਕਾਰ ਦੀ ਅੱਖਵਿਚ ਰੜਕਨ ਲੱਗੇ। ਇਵੇਂ ਕਿਸੇ ਸਧਾਰਣ ਮਨੁੱਖ ਦੇ ਕਹਿਣ ਤੇ ਲੋਕ ਕੁਰਬਾਨੀ ਲਈ ਤਿਆਰ ਨਹੀਂ ਹੋ ਜਾਂਦੇ, ਜਦ ਤੀਕ ਕੋਈ ਸਾਧੂ ਉਸ ਪਰਮ ਸ਼ਕਤੀਮਾਨ ਪ੍ਰਭੂ ਦੀ ਆਗਿਆ ਦਾ ਪਾਲਨ ਨਾ ਕਰ ਰਿਹਾ ਹੋਵੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਿੱਛੋਂ ਅੰਗ੍ਰੇਜੀ ਸਰਕਾਰ ਦੀਆਂ ਸਖਤੀਆਂ ਨੂੰ ਸਤਿਗੁਰੂ ਹਰੀ ਸਿੰਘ ਜੀ ਨੇ ਸਹਾਰਿਆ ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਾਂਗ੍ਰੇਸ਼ ਨਾਲ ਮਿਲਕੇ ਅੰਗ੍ਰੇਜਾ ਨੂੰ ਦੇਸ਼ ਵਿੱਚੋਂ ਕੱਢਣ ਵਿਚ ਸਫਲ ਹੋਇ। ਆਪਣੇ ਸਮੇਂ ਵਿਚ ਸਤਿਗੁਰੂ ਜੀ ਨੇ ਨਾਮਧਰੀ ਸਮਾਜ ਨੂੰ ਉੱਚਾ ਚੁਕਿਆ ਤੇ ਆਪਸ ਵਿਚ ਪ੍ਰੇਮ ਭਾਵ ਤੇ ਨਾਮ ਸਿਮਰਨ ਵਲ ਵਧੀਕ ਪ੍ਰੇਰਣਾ ਦਿੱਤੀ। ਸ੍ਰੀ ਸਤਿਗੁਰੂ ਜੀ ਨੇ ਗਊ ਪਾਲਨ ਤੇ ਘੋੜੇ ਆਦਿ ਪਸ਼ੂਆਂ ਦੀ ਸੰਭਾਲ ਕਰਦਿਆਂ ਸੰਗੀਤ ਦਾ ਪ੍ਰਚਾਰ ਵੀ ਕੀਤਾ। ਆਰਥਿਕ ਪੱਖੋਂ ਵੀ ਨਾਮਧਾਰੀਏ ਸੌਖੇ ਹੋਏ। ਜੋ ਬਾਹਰਲੇ ਦੇਸ਼ਾ ਵਿਚ ਨਾਮਧਾਰੀ ਜਾ ਵਸੇ, ਉਹ ਵੀ ਸਤਿਗੁਰਾਂ ਦੀ ਆਗਿਆ ਹੀ ਪਾਲਦੇ ਰਹੇ। ਸ਼ਾਕਾਹਾਰੀ ਅਤੇ ਅੱਛੇ ਸੰਸਕਾਰਾ ਦੇ ਧਾਰਨੀ ਰਹੇ।

ਪਰ ਸਮੇਂ ਨੇ ਪਾਸਾ ਵੱਟਿਆ ਤੇ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਹਾਰਾਜ ਬੀਰ ਸਿੰਘ ਜੀ ਵਿਚਾਲੇ ਪੰਥਕ ਆਗੂਆਂ ਆਪਣੇ ਸਵਾਰਥ ਪੂਰੇ ਕਰਨ ਲਈ ਪਾੜ ਪਾ ਦਿੱਤਾ ਜੋ ਸਤਿਗੁਰਾਂ ਦੇ ਸ਼ਰੀਰ ਛੱਡਣ ਪਿੱਛੋ ਵੀ ਖਤਮ ਹੋਣ ਦੀ ਬਜਾਇ ਹੋਰ ਵਧ ਰਿਹਾ ਹੈ। ਇਹ ਇਕ ਬੜਾ ਵੱਡਾ ਦਵੰਧ(ਦੁਵਿਧਾ) ਰੂਪੀ ਤਨਾਵ ਨਾਮਧਾਰੀਆਂ ਨੂੰ ਅਤਿ ਦੁਖੀ ਕਰ ਰਿਹਾ ਹੈ। ਆਪਸੀ ਰਿਸ਼ਤੇਦਾਰੀ ਨਿਭਾਣੀ ਅਉਖੀ ਹੋ ਰਹੀ ਹੈ। ਕੋਈ ਕਿਸੇ ਪਾਸੇ ਮੂੰਹ ਕਰ ਰਿਹਾ ਹੈ ਤੇ ਕੋਈ ਕਿਸੇ ਪਾਸੇ। ਆਉਣ ਵਾਲੀ ਪੀੜੀ ਦੀ ਸ਼ਰਧਾ ਟੁਟ ਰਹੀ ਹੈ ਭਾਵੇਂ ਸਤਿਗੁਰੂ ਦਲੀਪ ਸਿੰਘ ਜੀ ਪੂਰੀ ਕੋਸ਼ਿਸ ਕਰ ਰਹੇ ਹਨ ਕੀ ਆਪਸੀ ਫੁਟ ਖਤਮ ਹੋਵੇ ਤੇ ਮੇਲ ਜੋਲ ਵਧੇ ।ਪਰ ਪੰਥ ਦੇ ਕੁਝ ਆਗੂਆਂ ਨੂੰ ਸਮਝ ਨਹੀ ਆ ਰਹੀ। ਹੋ ਸਕਦਾ ਹੈ ਸ੍ਰੀ ਉਦੈ ਸਿੰਘ ਜੀ ਤੇ ਸਤਿਗੁਰੂ ਜੀ ਕ੍ਰਿਪਾ ਕਰਨ ਤੇ ਉਹ ਆਪਣੇ ਵੱਡੇ ਵੀਰ ਜੀ ਦੀ ਗੱਲ ਮਨ ਕੇ ਆ ਮਿਲਨ ਤਾਂ ਜੋ ਗੁਰਬਾਣੀ ਦੇ ਫੁਰਮਾਣ ਸਿੱਧ ਹੋ ਜਾਣ – **ਮਿਲਬੇ ਕੀ ਮਹਿਮਾ ਬਰਨ ਨਾ ਸਾਕੌਂ ਨਾਨਕ ਪਰੇ ਪਰੀਲਾ।**

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਚਾਹੁੰਦੇ ਸਨ ਨਾਮਧਾਰੀ ਸਮਾਜ ਵਿਚ ਆਤਮ ਵਿਸ਼ਵਾਸ ਪੈਦਾ ਹੋਵੇ ਤੇ ਸਬ ਆਤਮ ਨਿਰਭਰ ਹੋਣ। ਕਾਂਗ੍ਰਸੀਆਂ ਵਿਚ ਲੋਭ ਤੇ ਅਹੰਕਾਰ ਵਧਣ ਕਰਕੇ ਇਸ ਵੇਲੇ ਜੋ ਵੀ ਉਹਨਾਂ ਦਾ ਸਾਥ ਦੇ ਰਿਹਾ ਹੈ ਉਹ ਸਮਾਜ ਨੂੰ ਰਸਾਤਲ ਵਲ ਡੇਗ ਰਿਹਾ ਹੈ। ਇਸ ਲਈ ਸਤਿਗੁਰੂ ਦਲੀਪ ਸਿੰਘ ਜੀ ਸਾਰੇ ਸਿੱਖ ਸਮਾਜ ਨੂੰ ਨਾਨਕ ਨਾਮ ਜਹਾਜ ਵਿਚ ਚਾੜਨ ਦਾ ਜਤਨ ਕਰ ਰਹੇ ਹਨ। ਤਾਂਕਿ ਸਿੱਖਾਂ ਨਾਲ ਪੂਰੇ ਵਿਸ਼ਵ ਦੇ ਜੀਵਾਂ ਦਾ ਭਲਾ ਹੋਵੇ।

ਗੋਬਿੰਦ ਸਿੰਘ

# ਆਰਤੀ

ਸ੍ਰੀ ਗੁਰੁ ਨਾਨਕ ਦੇਵ ਜੀ ਨੇ ਜਗਰਨਾਥ ਪੁਰੀ ਦੇ ਮੰਦਰ ਵਿਚ ਹੁੰਦੀ ਆਰਤੀ ਵੇਖ ਕੇ ਉਹਨਾਂ ਪੰਡਿਤਾ ਦੀ ਪਰੰਪਰਾਗਤਿ ਆਰਤੀ ਦਾ ਖੰਡਨ ਕਰਦਿਆਂ ਧਨਾਸਰੀ ਰਾਗ ਵਿਚ ਇਹ ਆਰਤੀ ਉਚਾਰੀ ਜੋ ਕੁਦਰਤੀ ਹੈ। ਅਤੇ ਪਰਮ ਪਿਤਾ ਪਰਮਾਤਮਾ ਦਾ ਗੁਣ ਗਾਨ ਹੈ।

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ਧੂਪ ਮਨ ਆਨਲੋ ਪਵਨ ਚਵਰੋ ਕਰੇ ਸਗਲ ਬਨ ਰਾਇ ਫੂਲੰਤਿ ਜੋਤੀ –**

ਭਾਵ –: ਇਹ ਹੈ ਕੀ ਗਗਨ (ਆਸਮਾਨ) ਇਕ ਥਾਲ ਦੀ ਤਰਾਂ ਹੈ ਇਸ ਥਾਲ ਵਿਚ ਸੂਰਜ ਅਤੇ ਚੰਦ ਦੋ ਦੀਵੇ ਪਰਮਾਤਮਾ ਨੇ ਰੱਖੇ ਹੋਏ ਹਨ ਜਿਵੇਂ ਥਾਲ ਵਿਚ ਦੀਵੇ ਰੱਖ ਕੇ ਆਰਤੀ ਕੀਤੀ ਜਾਂਦੀ ਹੈ।

ਸ੍ਰੀ ਸਤਿਗੁਰੂ ਜੀ ਸਮਝਾ ਰਹੇ ਹਨ ਕੀ ਅਸਲ ਵਿਚ ਆਰਤੀ ਚੰਦ ਅਤੇ ਸੂਰਜ ਦੀਵੇਆਂ ਨਾਲ ਕੁਦਰਤ ਆਰਤੀ ਕਰ ਰਹੀ ਹੈ ਅਤੇ ਤਾਰਿਆਂ ਭਰਭੂਰ ਥਾਲ ਜਿਵੇਂ ਮੋਤੀਆਂ ਨਾਲ ਚਮਕ ਰਿਹਾ ਹੈ ਵਨਾ ਵਿਚ ਵਨਸਪਤੀ ਰੂਪੀ ਅਨੇਕਾ ਹੀ ਪੇੜ ਪੌਧੇ ਸੁਗੰਦੀਆਂ ਬਿਖੇਰ ਰਹੇ ਹਨ ਅਤੇ ਹਿਮਾਲੀਆ ਪਹਾੜ ਦਾ ਜਿਕਰ ਵੀ ਹੈ ਜਿਥੇ ਚੰਦਨ ਦੇ ਬੂਟੇ ਬੇਅੰਤ ਸੁਗੰਦੀ ਦੇ ਰਹੇ ਹਨ ਉੱਥੋਂ ਅਉਂਦੀ ਹਵਾ ਹਰ ਪਾਸੇ ਸੁਗੰਧ ਵਿਚ ਵਾਧਾ ਕਰ ਰਹੀ ਹੈ।

**ਕੈਸੀ ਆਰਤੀ ਹੋਇ ਭਵਖੰਡਨ ਤੇਰੀ ਆਰਤੀ ਅਨਹਤਾ ਸਬਦ ਵਾਜੰਤ ਭੇਰੀ**

ਸ੍ਰੀ ਸਤਿਗੁਰੂ ਜੀ ਪਰਮਾਤਮਾ ਤੋਂ ਪੁੱਛਦੇ ਹਨ ਕੀ ਹੋਰ ਕਿਹੋ ਜਹੀ ਆਰਤੀ ਕੀਤੀ ਜਾਵੇ ਸਾਰੀ ਪ੍ਰਕ੍ਰਿਤੀ ਤਾਂ ਆਪਜੀ ਦੀ ਆਰਤੀ ਕਰ ਹੀ ਰਹੀ ਹੈ। ਇਲਾਹੀ ਸੰਗੀਤ ਅਤੇ ਭੇਰੀਆਂ ਹੋ ਰਹੀਆ ਹਨ ਜੋ ਬੇਅੰਤ ਪ੍ਰਸੰਨਤਾ ਵਾਲਾ ਵਾਤਾਵਰਣ ਬਣਿਆ ਹੋਇਆ ਹੈ।

**ਸਹਸ ਤਵ ਨੈਨ ਨਨ ਨੈਨ ਹੈਂ ਤੋਹਿ ਕਉ ਸਹਸ ਮੂਰਤ ਨੰਨਾ ਏਕ ਤੁਹਿ ਸਹਸ ਪਦ ਬਿਮਲ ਨਨ ਏਕ ਪਦ ਗੰਦ ਬਿਨ ਸਹਸ ਤਵ ਗੰਦ ਇਵ ਚਲਤ ਮੁਹਿ –**

ਭਾਵ– ਹੇ ਪ੍ਰਭੂ ਅਕਾਲ ਪੁਰਖ ਜੀਉ ਤੁਸੀਂ ਕੁਲ ਮਨੁਖ ਜਾਤੀ, ਪਸ਼ੂ ਪੰਖੀਆਂ ਦਿਆਂ ਅੱਖਾਂ ਰਾਹੀਂ ਦੇਖ ਰਹੇ ਹੋ ਪਰ ਆਪ ਅਦ੍ਰਿਸ ਹੋ ਆਪ ਉਹਨਾ ਜੀਵਾਂ ਦੇ ਚਰਨਾ ਰਾਹੀਂ ਹਰ ਜਗਹ ਵਿਚਰ ਰਹੇ ਹੋ ਭਾਵੇਂ ਚਰਨਾ ਤੋਂ ਬਗੈਰ ਸਿਥਰ ਹੋ ਅਤੇ ਉਹਨਾ ਜੀਵਾਂ ਰਾਹੀਂ ਸੁਗੰਦੀਆ ਵੀ ਲੈ ਰਹੇ ਹੋ ਇਹੋ ਜਿਹੇ ਆਪ ਜੀ ਦੇ ਚਰਿਤ੍ਰ ਦੇਖ ਕੇ ਮੇਰਾ ਮਨ ਮੋਹਿਆ ਗਿਆ ਹੈ ।

**ਸਬ ਮਹਿ ਜੋਤ ਜੋਤਿ ਹੈ ਸੋਇ ਤਿਸਦੇ ਚਾਨਣ ਸਬ ਮਹਿ ਚਾਨਣ ਹੋਇ ਗੁਰਸਾਖੀ ਜੋਤ ਪਰਗਟ ਹੋਇ ਜੋ ਤਿਸ ਭਾਵੈ ਸੋ ਆਰਤੀ ਹੋਇ–**

ਭਾਵ:– ਉਸ ਪ੍ਰਭੂ ਦੀ ਜੋਤ ਸਾਰੇ ਜੀਵਾਂ ਵਿਚ ਵਰਤ ਰਹੀ ਹੈ। ਉਸੇ ਜੋਤ ਨਾਲ ਜੀਵਨ ਹੈ, ਸ਼ਕਤੀ ਹੈ ਤੇ ਸੋਜੀ ਹੈ। ਜਿਸਦਾ ਗਿਆਨ ਅਨੁਭਵ ਗੁਰੁ ਦੀ ਕ੍ਰਿਪਾ ਸਦਕਾ ਹੀ ਹੁੰਦਾ ਹੈ ਜੀਵਾਂ ਦੀ ਕੀਤੀ ਆਰਤੀ ਪ੍ਰਭੂ ਨੂੰ ਭਉਂਦੀ ਹੈ।

**ਹਰਿ ਚਰਣ ਕਵੰਲ ਮਕਰੋਭਿਤ ਮਨੋ ਅਨਿਦਿਨੋ ਮੋਹਿ ਆਈ ਪਿਆਸਾ ਕ੍ਰਿਪਾ ਜਲ ਦੇਹਿ ਨਾਨਕ ਸਾਰੰਗ ਕਉ ਜਾਤੇ ਤੇਰੇ ਨਾਹਿ ਵਾਸਾ ; ਅੰਗ 13**

ਭਾਵ:– ਹਰੀ ਦੇ ਕਮਲ ਵਰਗੇ ਮਿੱਠੇ ਚਰਨ ਮੇਰੇ ਮਨ ਨੂੰ ਸੋਹੰਦੇ ਹਨ ਅਤੇ ਇਹਨਾ ਦੀ ਛੋਹ ਦੀ ਪਿਆਸ ਮੈਨੂੰ ਦਿਨ ਰਾਤ ਲੱਗੀ ਰਹੰਦੀ ਹੈ। ਹੇ ਪ੍ਰਭੂ ਦਾਸ ਮਾਣਕ ਨੂੰ ਆਪਣੀ ਕ੍ਰਿਪਾ ਕਰਕੇ ਅਮ੍ਰਿਤ ਦੀ ਬੂੰਦ ਬਖਸ਼ ਦੇਵੋ ਆਪਜੀ ਦਾ ਨਾਮ ਮੇਰੇ ਹਿਰਦੇ ਵਿਚ ਵਸ ਜਾਵੇ।

ਇਸ ਤਰਾਂ ਹੋਰ ਵੀ ਪੰਡਿਤਾਈ ਅਡੰਬਰਾਂ ਦੀ ਨਿਖੇਦੀ ਕੀਤੀ ਗੁਰੂ ਨਾਨਕ ਦੇਵ ਜੀ ਨੇ ਤਾਂਜੋ ਲੋਕਾਂ



# ਪ੍ਰਵਚਨ

## ਸ੍ਰੀ ਸਤਿਗੁਰੂ ਦਲੀਪ ਸਿੰਘ ਜੀ

### ਸ੍ਰੀ ਗੁਰੁ ਰਾਜ ਅਬਿਚੱਲ ਅਟੱਲ ਆਦਿ ਪੁਰਖ ਫੁਰਮਾਇਓ॥

**ਇਹ ਗੁਰਬਾਣੀ ਵਿਚ ਲਿਖਿਆ ਹੈ ਸਤਿਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਜੀ ਦਾ ਰਾਜ ਸਾਰੇ ਸੰਸਾਰ ਵਿਚ ਹੋਣਾ ਹੀ ਹੈ। ਅਬਿਚੱਲ, ਅਟੱਲ, ਜਿਨੂੰ ਕੋਈ ਵੀ ਨਹੀਂ ਟਾਲ ਸਕਦਾ। ਬਾਣੀ ਵਿਚ ਤਾਂ ਲਿਖਿਆ ਹੈ। ਉਹ ਵੀ ਝੂਠ ਨਹੀਂ ਹੋ ਸਕਦਾ। ਸਾਡਾ ਗੁਰੁ ਤੇ ਸ਼ਕਤੀਮਾਨ ਹੈਗਾ ਹੀ ਸੀ। ਪਰ ਪਿਆਰਿਉ! ਰਾਜ ਕਰਨਾ ਕਿੰਨੇ ਹੈ? ਫੈਲੋਣਾ ਕਿੰਨੇ ਹੈ? ਤੁਸਾਂ। ਰਾਜ ਕਰਨ ਦਾ ਮਤਲਬ ਕਿਸੇ ਦਾ ਸਿਰ ਵੱਡਕੇ ਕਬਜ਼ਾ ਕਰਨ ਤੋਂ ਨਹੀਂ। ਮਨਾਂ ਤੇ ਰਾਜ ਕਰਨਾ। ਜਿਵੇਂ ਸਾਡੇ ਬੋਧੀ ਭਰਾਵਾਂ ਨੇ ਸਾਰੇ ਹੀ ਸਾਉਥ ਈਸਟ ਮੁਲਕਾਂ ਵਿਚ ਬੋਧੀ ਬਣਾ ਦਿੱਤੇ ਸੀ।**

**ਅੱਜ ਇਸਾਈਆਂ ਨੇ ਸਾਰੇ ਆਪਣਾਂ ਪੰਥ ਫੈਲਾ ਦਿੱਤਾ ਹੈ। ਤੇ ਆਪਾਂ! ਆਪਣੇ ਪੰਜਾਬ ਚੋਂ ਵੀ ਸੁੰਗੜ ਗਏ ਹਾਂ। ਕਿਉਂ? ਕਿਵੇਂ? ਕਿਉਂਕਿ ਸਾਡੀ ਸੰਕੀਰਣ ਸੋਚ ਸੀ। ਤੂੰਵੀਂ ਸਿੱਖ ਨਹੀ ,ਤੂੰ ਵੀ ਸਿੱਖ ਨਹੀਂ। ਚਲੋ ਮੁੱਕਾ ਕੱਮ।ਮੈਂ ਹੀ ਰੇਹਿ ਗਿਆ ਹਾਂ ਆਖਣ ਵਾਲਾ। ਸਾਨੂੰ ਕਦੋਂ ਸੱਚੇ ਪਾਤਸ਼ਾਹ ਜੀ ਨੇ ਸਰਟੀਫਿਕੇਟ ਤੇ ਮੋਹਰ ਲਗਾ ਕੇ ਦਿੱਤੀ ਸੀ ਕਿ ਤੁਸੀਂ ਨਾਮ ਸਿੱਖ ਦਾ ਵੰਡੀ ਜਾਇਉ। ਮੈਨੂੰ ਤਾਂ ਨਹੀਂ ਲੱਭਿਆ ਅਜੇ ਤੱਕ। ਮੇਰਾ ਬੇਨਤੀ ਕਰਨ ਦਾ ਭਾਵ ਇਹ ਹੈ ਸਿੱਖ ਪੰਥ ਦਾ ਘੱਟਣਾ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ। ਪੰਥ ਵਧੇਗਾ ਤਾਂ ਜੇ ਆਪਾਂ ਇਕੱਠੇ ਹੋਵਾਂਗੇ। ਆਪਸ ਵਿਚ ਲੜਨਾ ਛੱਡਾਂਗੇ। ਇਸ ਲਈ ਆਪਾਂ ਇਕੱਠੇ ਹੋਣ ਵਾਲੇ ਸਾਰੇ ਤਰੀਕੇ ਲੱਭੀਏ।**



# ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਇਕ ਘੰਟਾ ਨਾਮ ਸਿਮਰਨ ਕਰੀਏ, ਤਾਂ ਜੋ ਦਿਨ ਦਾ 24 ਵਾਂ ਹਿਸਾ ਬਣਦਾ ਹੈ। 24 ਘੰਟਿਆ ਵਿਚੋ ਰੋਟੀ ਰਹਿ ਜਾਏ, ਕੰਮ ਰਹਿ ਜਾਏ,ਸਬ ਕੁਝ ਰਹਿ ਜਾਏ, ਪਰ ਨਾਮ ਸਿਮਰਨ ਨਾ ਰਹੇ। "**ਦਿਨ ਰਾਤੀ ਆਰਾਧਹੁ ਪਿਆਰੇ ਨਿਮਖ ਨਾ ਕੀਜੇ ਢੀਲਾ। ਦਿਨ ਰੈਣਿ ਨਾਮ ਧਿਆਇਦਾ ਫਿਰਿ ਪਾਇ ਨਾ ਮੋਆ। ਅੱਠੇ ਪਹਿਰ ਇਕਤੈ ਲਿਵੈ ਮੰਨੇਨਿ ਹੁਕਮ ਆਪਾਰੁ**" ਬਦੇ ਰੁੱਦੇ ਕਰੋ, ਪਰ ਕਰੋ ਜਰੂਰ। ਦੂਸਰੀ ਅਰਜ ਹੈ ਕੀ ਜਿਹੜੇ ਲੜਕੇ ਹਨ, ਸਕੂਲਾ ਨੂੰ ਜਾਂਦੇ ਹਨ, ਉਹਨਾ ਨੂੰ ਸਿੱਧੀਆਂ ਪੱਗਾਂ ਬਨਾਂ ਕੇ ਸਕੂਲ ਘੱਲੋ। ਤੁਸੀਂ ਬੜਾ ਧਿਆਨ ਕਰਦੇ ਹੋ ਕਿ ਬੱਚਾ ਚੰਗੀ ਰੋਟੀ ਖਾਵੇ ਸਾਰਾ ਕੁਝ ਕਰੇ। ਪਰ ਪੱਗ ਵਲ ਧਿਆਨ ਨਹੀਂ ਦਿੰਦੇ। ਅਸੀਂ ਸਿਪਾਹੀ ਗੁਰੁ ਕੇ ਹਾਂ ਤੇ ਗਿਨਤੀ ਲੋਕਾਂ ਦੀ ਵਿਚ ਨਾ ਗਿਣੇ ਜਾਈਏ। ਅਸੀਂ ਅੰਦਰੋ ਬਾਹਰੋਂ ਠੀਕ ਹੋਈਏ। ਪਹਿਰਾਵੇ ਤੋਂ ਨਾ ਸੰਗਿਆ ਕਰੋ। ਬੱਚਿਆਂ ਦੇ ਸਿੱਧੇ ਦਸਤਾਰੇ ਹੋਣ, ਸਣੇ ਕੇਸੀਂ ਇਸ਼ਨਾਨ ਕਰਾਕ, ਮਾਲਾ ਫੜਾ ਕੇ 10-15 ਮਿਨਟ ਭਜਨ ਕਰਾਕੇ ਫਿਰ ਬੱਚੇ ਨੂੰ ਪਰਸ਼ਾਦਾ ਸ਼ਕਾਉ। ਆਦਤ ਪਾਉ ਬੱਚਿਆਂ ਨੂੰ। ਇਹ ਸਭ ਮਾਂਈਆਂ ਦਾ ਕੰਮ ਹੈ। ਸਤਿਗੁਰਾਂ ਦਾ ਹੁਕਮ ਅੱਟਲ ਹੈ। ਬੜਿਆਂ ਨੇ ਮਖੌਲ ਕੀਤਾ, ਲੱਤਾਂ ਅੜਾਂਈਆਂ, ਪਾਕਿਸਤਾਨ ਬਣਨ ਵੇਲੇ। ਪਰ ਜਿਹੜੇ ਆਕੜਦੇ ਸਨ ਕਿ ਅਸੀਂ ਆਹ ਕੁਝ ਕਰਾਂਗੇਂ, ਅਸੀਂ ਉਹ ਕੁਝ ਕਰਾਂਗੇਂ, ਉਹ ਕੁੜੀਆਂ ਦੇ ਕੇ ਭੱਜੇ। ਇਜ਼ਤਾਂ ਗਵਾ ਕੇ ਭੱਜੇ, ਆਖਿਰ ਸਾਨੂੰ ਪਾਕਿਸਤਾਨ ਵਿਚੋਂ ਨਿਕਲਨਾ ਪਿਆ। ਇਹ ਹੈ ਰਜਾ ਸਤਿਗੁਰਾਂ ਦੀ। ਅਉਲੇ ਦਾ ਖਾਦਾ ਤੇ ਸਿਆਣੇ ਦਾ ਆਖਿਆ ਪਹਿਲਾ ਖੱਟਾ ਲਗਦਾ ਹੈ, ਪਰ ਬਾਦ ਵਿਚ ਚੰਗਾ ਲਗਦਾ ਹੈ। ਸੋ ਸਤਿਗੁਰਾਂ ਦਾ ਹੁਕਮ ਪਹਿਲਾ ਹੀ ਕਿਉਂ ਨਾ ਮਨ ਲਿਆ ਜਾਵੇ? ਸਤਿਗੁਰਾਂ ਦਾ ਹੁਕਮ ਇਹ ਵੀ ਹੈ ਕਿ ਅਗੇ ਚੱਕੀ ਚੱਲੀ ਸੀ ਤੇ ਹੁਨ ਖਰਾਸ ਚਲਨਾ ਹੈ। ਤੁਸੀਂ ਆਪ ਸਿਆਣੇ ਹੋ ਚੱਕੀ ਤੇ ਖਰਾਸ ਦਾ ਫਰਕ ਸਮਝੋ। ਸਿੱਖਾਂ ਦੀ ਮਜਬੂਤੀ ਕੇਵਲ ਨਾਮ ਜਪਨ ਨਾਲ ਹੈ। ਇਹ ਵੇਖਿਆ ਸੀ ਕੀ ਕਿੱਡੀ ਵੱਡੀ ਤਾਕਤ ਅੰਗ੍ਰੇਜ ਦੀ ਸੀ, ਜਿਸ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਦੁਵਾਰਾ ਤੋੜ ਕੇ ਪਾਸ਼-ਪਾਸ਼ ਕਰ ਦਿੱਤੀ। ਤਾਕਤ ਜੇਹੜੀ ਸਤਿਗੁਰੂ ਜੀ ਨੇ ਵਰਤਾਈ ਉਸ ਤਾਕਤ ਨੇ ਨਾਮ ਦੇ ਰਾਹੀਂ ਸਿੱਖਾਂ ਨੂੰ ਮਜਬੂਤ ਕੀਤਾ। ਅਸੀਂ ਵੀ ਨਾਮ ਜਪਦੇ ਹਾਂ, ਸਤਿਗੁਰਾਂ ਦੇ ਚਰਨਾ ਵਿਚ ਬੇਨਤੀ ਕਰੀਏ ਕਿ "**ਤੇਰੀ ਸਰਣ ਮੇਰੇ ਦੀਨ ਦਿਆਲਾ ਸੁਖ ਸਾਗਰ ਮੇਰੇ ਗੁਰ ਗੋਪਾਲਾ। ਕਰ ਕ੍ਰਿਪਾ ਨਾਨਕ ਗੁਣ ਗਾਵੇ ਰਾਖੋ ਸਰਨ ਅਸਾੜੀ ਜੀਉ**"। ਸਤਿਗੁਰੂ ਕ੍ਰਿਪਾ ਕਰੇ ਸਾਡੇ ਤੋਂ ਨਾਮ ਜਪਾਵੇ , ਸਾਡੇ ਵਿਚ ਤਾਕਤ ਆਵੇ, ਸਾਨੂੰ ਕਿਸੇ ਤੋਂ ਡਰ ਨਾ ਆਵੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿਤਰ ਉਪਦੇਸ ਵਿਚ ਤੁਸੀਂ ਸੁਣਿਆ ਸੀ ਕਿ (ਇਹ ਸੱਚੀ ਗੱਲ ਹੈ) ਜਿੱਥੇ ਪੈਸਾ ਆ ਜਾਂਦਾਂ ਹੈ ਓੱਥੇ ਨਾਂ ਮਾਂ, ਨਾਂ ਭੈਣ, ਨਾਂ ਧੀ ,ਨਾਂ ਭਰਾ ਓੱਥੇ ਕੁਝ ਨਹੀਂ ਰਹਿ ਜਾਂਦਾਂ। ਤੁਸੀਂ ਨਾਮ ਜਪੋ ਤੇ ਜਪਾਉ, ਤਾਂਕਿ ਅਸੀਂ ਭਜਨ ਬਾਣੀ ਕਰਕੇ ਸਤਿਗੁਰੂ ਜੀ ਦੇ ਹੁਕਮ ਵਿਚ ਚਲ ਸਕੀਏ। ਸਤਿਗੁਰੂ ਸਾਡੇ ਤੇ ਖੁਸ਼ ਹੋਵੇ। ਸਾਰਾ ਸੰਸਾਰ ਸਾਡੇ ਹੇਠ ਆ ਸਕੇ। ਇਕ ਘੰਟਾ ਨਾਮ ਸਿਮਰਨ ਜੀ ਪ੍ਰਤੀ ਅਤੇ ਇਕ ਪਾਠ ਹਰ ਮਹੀਨੇ ਘਰ ਪ੍ਰਤੀ ਜਰੂਰ ਕੀਤਾ ਜਾਵੇ।

## ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਸਮੇਂ ਦੀ ਕੁਚਾਲ ਨੇ ਭੁਚਾਲ ਆਦਾਂ ਦੇਸ਼ ਵਿਚ,
ਸਿੰਘ ਨਾ ਸੰਭਾਲ ਸਕੇ ਰਾਜ ਸਾਜ ਭਾਰਾ ਸੀ ।
ਭਾਰਾ ਹੈ ਸੀ ਰੋਗ ਸੋਗ ਫੁਟ ਮਾਰੇ ਕੁਟ ਕੁਟ,
ਫੁਟ ਪੁਟ ਬਾਗ ਸਤਲੁਜ ਬੀਚ ਡਾਰਾ ਸੀ ।
ਢਾਰਾ ਸੀ ਗਵਾਂਢੀਆਂ ਨੇ ਜਲ ਆ ਬਿਸਾਲ ਸਾਰੇ,
ਘਰ ਘਰ ਪੈਰ ਆ ਪਖੰਡ ਨੇ ਪਸਾਰਾ ਸੀ ।
ਸਾਰਾ ਸੀ ਕਰਤਾਰ ਸਿੰਘ, ਕਿਸੇ ਭੀ ਨਾ ਕਾਜ ਕੋਈ,
ਚੱਲ ਕੇ ਕੁਪੰਥ ਪੰਥ ਰਾਜ ਭਾਗ ਹਾਰਾ ਸਾਰਾ।
ਹਾਰਾ ਸੀ ਨਸੀਬ ਜਦੋਂ ਖਾਲਸੇ ਨੇ ਖਾਲਸੇ ਹੋ
ਮਨਮੱਤ ਚੰਦਰੀ ਕੁ ਪੇਚ ਆਏ ਡਾਰਾ ਸੀ।
ਪੰਥ ਗਾੜ੍ਹੀ ਨੀਂਦ ਸੁੱਤਾ, ਜਾਗ ਨਾ ਸੰਭਾਰਾ ਸੀ,
ਡਾਰਾ ਸੀ ਪ੍ਰਤਾਪ ਆਪ ਚੌੜ ਕਰ ਚੌੜ ਬੀਜਚ,
ਭਾਰਾ ਸੀ ਬੇਸਾਰਾ ਪੰਥ ਗੁਰੁ ਗ੍ਰੰਥ ਭੂਲੇ।
ਛੱਡ ਗੁਰੁ ਰੀਤੀਆਂ ਕੁਰੀਤੀਆਂ ਨੂੰ ਧਾਰਾ ਸੀ।
ਛਾਰਾ ਸੀ ਨਾ ਕੋਈ ਤਦੋਂ ਦਿਸਦਾ ਕਰਤਾਰ ਸਿੰਘਾ
ਡਾਵਾਂਡੋਲ ਹੋਏ ਰਿਹਾ ਬੇੜਾ ਬੇਸਹਾਰਾ ਸੀ।
ਕਲਾ ਵਰਤਾਈ ਮਹਾਰਾਜ ਨੇ ਜਗਾਈ ਜੋਤ
ਭੈਣੀ ਪਿੰਡ ਬੀਚ ਭਇਉ ਭਾਨ ਉਜਿਆਰਾ ਸੀ ।
ਪੂਰਨ ਪ੍ਰਤਾਪੀ ਨਾਮ ਜਾਪੀ ਥਾਪੀ ਸਿੱਖੀ ਸਾਖ,
ਸਿਦਕ ਭਰੋਸੇ ਤੋਸੇ, ਬੋਲ ਤੋਲ ਭਾਰਾ ਸੀ ।
ਭਾਰਾ ਸੀ ਜਮਾਲ ਤੇ ਕਮਾਲ ਦੀ ਤਾਸੀਰ ਭਾਰੀ,
ਨਾਮ ਦਾ ਬਜਾਇਆ ਸਾਰੇ ਜਗ ਤੇ ਨਜਾਰਾ ਸੀ ।
ਗਾਰਾ ਸੀ ਕਰਤਾਰ ਸਿੰਘਾ, ਬਾਬੇ ਰਾਮ ਸਿੰਘ ਜੀ ਨੇ
ਕਾਮ ਕ੍ਰੌਧ ਲੋਭ ਮੋਹ ਦੁਸਟ ਹੰਕਾਰਾ ਸੀ ।
ਟਾਰਾ ਸੀ ਕੁਚਾਲਾਂ ਤੇ ਖਿਆਲਾਂ ਭੈੜੇ ਗੰਦਿਆਂ ਨੂੰ,
ਬੰਦਿਆਂ ਨੂੰ ਗੁਰਸਿੱਖੀ ਰਾਸਤਾ ਦਿਖਾਰਾ ਸੀ ।
ਪਿੰਡ ਵਿਚ ਚੱਕਰ ਲਗਾਇਕੇ ਵਧਾਈ ਸਿੱਖੀ,
ਤਿਖੀ ਚਾਲ ਨਾਲ ਮਨਮਤ ਤਾਂਈ ਗਾਰਾ ਸੀ ।
ਗਾਰਾ ਸੀ ਜੋ ਪਿੰਡ ਵਿਚ ਚੋਰੀ ਯਾਰੀ ਡਾਕਿਆਂ ਦਾ,
ਨਾਮ ਦੀ ਨਦੀ ਚਲਾਏ ਸਾਰਾ ਧੋਏ ਡਾਰਾ ਸੀ ।
ਡਾਰਾ ਸੀ ਵਿਹਾਰ ਕਰਤਾਰ ਸਿੰਘ ਸ਼ਬਦਾਂ ਦਾ ,
ਸੋਇਆਂ ਜੀਵਾਂ ਭੁਲਿਆਂ ਨੂੰ ਤੁਰਤ ਸੁਧਾਰਾ ਸੀ ।
ਧਾਰਾ ਸੀ ਚਲਾਈ ਸੋਹਣੀ ਨਾਮ ਦੀ ਫੜਾਈ ਮਾਲਾ,
ਆਹਲਾ ਕਾਮ ਕੀਨਾਂ ਦੇਸ਼ ਮੇ ਬਿਥਾਰਾ ਸੀ।
ਸੈਂਕੜੇ ਸਜਾਇ ਸਿੰਘ ਜਿਥੇ ਜਾਏ ਪੈਰ ਧਰੈ,
ਬੜੇ ਰੋਹਬ ਦਾਬ ਵਾਲਾ ਸੁੰਦਰ ਦੀਦਾਰਾ ਸੀ ।
ਜਿਥੇ ਜਾਏ ਬਹਿੰਦੇ, ਕਹਿੰਦੇ ਨਾਮ ਦੀ ਵਡਾਈ ਭਾਰੀ,
ਨਾਮ ਬਿਨਾ ਬਾਬੇ ਜੀ ਨੂੰ ਕੁਝ ਨਾ ਪਿਆਰਾ ਸੀ ।
ਸਾਰਾ ਸੀ ਇਹ ਭੇਦ ਕਰਤਾਰ ਸਿੰਘਾਂ ਉਹਨਾ ਕਿਹਾ ,
ਜਿਨ੍ਹਾਂ ਆਪ ਬਾਬੇ ਜੀ ਨੂੰ ਨੇਤ੍ਰੀ ਨਿਹਾਰਾ ਸੀ ।

ਗਿਆਨੀ ਕਰਤਾਰ ਸਿੰਘ
ਹੈਡ ਗ੍ਰੰਥੀ, ਸ਼੍ਰੀ ਦਰਬਾਰ ਸਾਹਿਬ

## ਪੰਥ ਤੇ ਸੰਕਟ

ਸਾਡਾ ਹਰ ਯੁਗ ਸੰਕਟ ਦਾ ਹੈ, ਸੰਕਟ ਵਿਚ ਇਨਸਾਨ
ਸੰਕਟ ਘਿਰੇ ਮਨੁੱਖਾਂ ਚੋਂ ਹੀ ਜਨਮ ਲਏ ਭਗਵਾਨ ।
ਧਰਤੀ ਸਾਡਾ ਘਰ ਏਥੇ ਹੈ, ਸਦਾ ਧਰਮ ਦੀ ਹਾਨ
ਸਾਡੇ ਘਰ ਨੂੰ ਸੋਧਣ ਖਾਤਰ ਰਬ ਹੋਏ ਮਹਿਮਾਨ ।
ਇਹ ਰਬ ਸਾਡਾ ਸੱਕਾ ਸਨੇਹੀ ਸਾਡੀ ਜਾਨ ਦੀ ਜਾਨ,
ਕਿੰਨਾ ਅਜਬ ਕਿ ਉਹੀ ਉਹ ਸਾਥੋਂ ਹੋਵੇ ਨਾ ਪਹਿਚਾਨ ।
ਕਦੀ ਏਹੋ ਰਬ ਸੂਲੀ ਚਾੜਦਾ ਵੈਰੀ ਸਕਲ ਜਹਾਨ ,
ਸੂਲੀ ਚੜ੍ਹਿਆਂ ਤੇ ਵੀ ਪੱਥਰ ਸੁਟਣ ਲੋਕ ਨਦਾਨ ।
ਕਦੀ ਘਰੋਂ ਬੇਘਰ ਹੋ ਜਾਵੇ ਆਪਣੇ ਘਰ ਦੀ ਸ਼ਾਨ,
ਕਦੀ ਦੇਸ਼ ਚੋਂ ਪੁੱਟਣ ਲੋਕੀ ਸੁੱਟਣ ਦੂਰ ਵਿਰਾਨ ।
ਦੇਸ਼ ਰਹੇ ਪਰਦੇਸ਼ ਰਹੇ ਉਹਨਾ ਦੁਕੀਆਂ ਵਿਚ ਧਿਆਨ,
ਨਾਸ਼ੁਕਰੇ ਲੋਕਾਂ ਉੱਤੇ ਵੀ ਨਿਤ ਉਹਦਾ ਇਹਸਾਨ ।
ਰਾਮ ਚੰਦ੍ਰ ਉਹ,ਰਾਮ ਸਿੰਘ ਉਹ,ਉਹੀ ਰਾਮ ਰਹਿਮਾਨ,
ਲੰਕਾ ਬਰਮਾ ਭੇਜਣ ਵਾਲਿਆ ਉਸਦਾ ਰੂਪ ਪਛਾਣ।
ਪਰਦੇਸਾਂ ਵਿਚ ਰਹਿਣ ਵਾਲਿਓ ਲਾਓ ਜ਼ਰਾ ਅਨੁਮਾਨ ,
ਕੀ ਬੀਤੀ ਸਤਿਗੁਰ ਤੇ ਜਿਸ ਤੋਂ ਖੁੱਸਾ ਹਿੰਦੁਸਤਾਨ।
ਉਸ ਤੋਂ ਕਦੇ ਵਿਸਾਹ ਨਾ ਛੱਡੋ ਉਹ ਹੈ ਸਦਾ ਮਹਾਨ।
ਮੁੜ ਆਵੇਗਾ-ਮੁੜ ਆਵੇਗਾ ਸੁਲਤਾਨਾਂ ਸੁਲਤਾਨ,
ਅਜੇ ਉਸ ਦੇ ਹਥੀ ਹੁਣਾ ਸਾਡਾ ਵਡ ਕਲਿਆਣ।
ਮਹਾ ਹਨੇਰੇ ਜਗ-ਮਗ,ਜਗ-ਮਗ ਉਸਦਾ ਗੂੜ੍ਹ ਗਿਆਨ।
ਬਿਨਸ ਜਾਇਗਾ ਪਾਪ ਧਰਮ ਮੁੜ ਹੋਵੇਗਾ ਪਰਧਾਨ,
ਮੁੜ ਆਵੇਗਾ-ਮੁੜ ਆਵੇਗਾ ਉਹ ਸ਼ਾਨਾਂ ਦੀ ਸ਼ਾਨ।

ਡਾ. ਹਰਿਭਜਨ ਸਿੰਘ

# ਸ਼੍ਰਧਾਜੰਲੀ ਸਮਾਰੋਹ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
## ਪਾਠਾਂ ਦੇ ਭੋਗ ਅਤੇ ਗੁਰਗੱਦੀ ਦਿਵਸ ਸ੍ਰੀ ਜੀਵਨ ਨਗਰ 21-12-2012



ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਜੀ ਚਿਕਿਤਸਕ ਡਾ. ਇਕਬਾਲ ਸਿੰਘ ਜੀ ਉਹਨਾਂ ਦੇ ਹੁਕਮ ਅਨੁਸਾਰ ਉਹਨਾਂ ਦੇ ਵਸਤਰ ਅਤੇ ਨਾਰਿਅਲ ਲੈ ਕੇ ਠਾਕੁਰ ਦਲੀਪ ਸਿੰਘ ਜੀ ਨੂੰ ਸੌਂਪਨ ਲਈ ਅਰਜ ਕਰਦੇ ਹੋਏ। ਨਾਲ ਹਨ ਸੂਬੇ ਸਾਹਿਬਾਨ ਅਤੇ ਪਤਵੰਤੇ ਸੱਜਨ।



ਸਤਿਗੁਰੂ ਦਲੀਪ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੁਕਮ ਮੰਨ ਕੇ ਉਹਨਾ ਦੇ ਭੇਜੇ ਵਸਤਰ ਅਤੇ ਨਾਰਿਅਲ ਸਵਿਕਾਰ ਕਰਦੇ ਹੋਏ।



ਸਤਿਗੁਰੂ ਦਲੀਪ ਸਿੰਘ ਜੀ ਸੰਗਤਾ ਨੂੰ ਪ੍ਰਵਚਨ ਦਿੰਦੇ ਹੋਏ।



ਸਤਿਗੁਰੂ ਦਲੀਪ ਸਿੰਘ ਜੀ ਨਾਲ ਨਜਰ ਆ ਰਹੇ ਹਨ ਸੂਬਾ ਦਰਸ਼ਨ ਸਿੰਘ ਜੀ, ਸੂਬਾ ਜਗਤਾਰ ਸਿੰਘ ਭੱਟੀ ਜੀ ਅਤੇ ਡਾ. ਗੁਰਮੁਖ ਸਿੰਘ ਜੀ







ਸਤਿਗੁਰੂ ਜਗਜੀਤ ਸਿੰਘ ਜੀ ਦੇ ਭੋਗ ਸਮੇਂ ਲੱਖਾਂ ਦੀ ਤਦਾਤ ਵਿੱਚ ਸੰਗਤਾਂ ਨੇ ਆਪਣੇ ਮਹਬੂਬ ਸਤਿਗੁਰੂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

# ਸਤਿਗੁਰੂ ਦਲੀਪ ਸਿੰਘ ਜੀ ਦੀ ਹਜੂਰੀ ਵਿੱਚ ਹੋਇਆ ਸਮਾਗਮ(ਦਸੂਹਾ)ਪੰਜਾਬ

੨੯-੩੧ ਮਾਰਚ ੨੦੧੩




ਸ੍ਰੀ ਸਤਿਗੁਰੂ ਦਲੀਪ ਸਿੰਘ ਜੀ ਦੀ ਹਜੂਰੀ ਵਿਚ ਦਸੂਹਾ ਵਿਖੇ ਹੋਏ ਸਮਾਗਮ ਸਮੇਂ ਅਰਦਾਸ ਦਾ ਦ੍ਰਿਸ਼।



ਸ੍ਰੀ ਸਤਿਗੁਰੂ ਦਲੀਪ ਸਿੰਘ ਜੀ ਸੰਤ ਹਰਪ੍ਰੀਤ ਸਿੰਘ ਜੀ ਸਾਂਭੀ ਵਾਲਿਆ ਨੂੰ ਮਾਣ ਦਿੰਦੇ ਹੋਏ।



ਸ੍ਰੀ ਸਤਿਗੁਰੂ ਦਲੀਪ ਸਿੰਘ ਜੀ ਨਾਲ ਸੰਤ ਸਤਨਾਮ ਸਿੰਘ ਜੀ ਪਿੱਪਲੀ ਵਾਲੇ ਅਤੇ ਉਹਨਾ ਦੀ ਪਤਨੀ।




ਸਤਿਗੁਰੂ ਦਲੀਪ ਸਿੰਘ ਜੀ ਦੀ ਕ੍ਰਿਪਾ ਨਾਲ ਡਾਕਟਰਾਂ ਦਾ ਸਨਮਾਨ।



ਸੰਤ ਬਾਬਾ ਤੇਜ਼ਾ ਸਿੰਘ ਜੀ ਨੂੰ ਸਨਮਾਨਿਤ ਕਰਦੇ ਹੋਏ ਸੂਬੇ ਸਹਿਬਾਨ।



ਸ੍ਰੀ ਸਤਿਗੁਰੂ ਦਲੀਪ ਸਿੰਘ ਜੀ ਦੀ ਹਜੂਰੀ ਵਿੱਚ ਕੀਰਤਨ ਕਰਦੇ ਰਾਗੀ ਸਿੰਘ।



ਦਸੂਹਾ ਵਿਖੇ ਹੋਏ ਪੰਥਕ ਏਕਤਾ ਮੇਲੇ ਵਿਚ ਸੇਵਾ ਕਰਦੀ ਹੋਈ ਨਾਮਧਾਰੀ ਸੰਗਤ।



ਸ੍ਰੀ ਸਤਿਗੁਰੂ ਦਲੀਪ ਸਿੰਘ ਜੀ ਦੀ ਹਜੂਰੀ ਵਿਚ ਹੋਏ ਸਮਾਗਮ ਵਿਖੇ ਲੱਖਾਂ ਦੀ ਤਦਾਦ ਵਿਚ ਸੰਗਤਾਂ ਨੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਆਪਣਾ ਜੀਵਨ ਸਫਲ ਕੀਤਾ।

## ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ 9 ਮਾਰਚ ਸਨ 1890ਈ. (ਚੇਤ ਵਦੀ ਤੀਜ ੧੯੪੬ ਬਿਕ੍ਰਮੀ ) ਤੇ ਗੱਦੀ ਨਸ਼ੀਨੀ 16 ਜੂਨ 1906 ਈ.(ਜੇਠ ਵਦੀ ਦਸਵੀਂ ੧963 ਬਿਕ੍ਰਮੀ) ਅਤੇ ਅਨੰਦ ਕਾਰਜ 13 ਪੋਹ 1971 ਬਿਕ੍ਰਮੀ ਬੀਬੀ ਭੁਪਿੰਦਰ ਕੌਰ ਨਾਲ ਹੋਇਆ।

ਵੱਡੇ ਬਾਬਾ ਜੀ ( ਸਤਿਗੁਰੂ ਜਗਜੀਤ ਸਿੰਘ ਜੀ ) ੮ ਮੱਗਰ 1977 ਬਿਕ੍ਰਮੀ ਨੂੰ ਪ੍ਰਗਟ ਹੋਏ।ਛੋਟੇ ਬਾਬਾ ਜੀ (ਮਹਾਰਾਜ ਬੀਰ ਸਿੰਘ ) 2 ਕੱਤਕ 1980 ਬਿਕ੍ਰਮੀ ਨੂੰ ਜਨਮ ਹੋਇਆ।ਸਤਿਗੁਰੂ ਪ੍ਰਤਾਪ ਸਿੰਘ ਜੀ 5 ਪਾਦਰੋਂ 2016 ਬਿਕ੍ਰਮੀ ਨੂੰ ਜੋਤੀ ਜੋਤ ਸਮਾਇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਬਚਪਨ ਵਿਚ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਵਰ ਪ੍ਰਾਪਤ ਹੋਇਆ ਸੀ ਕਿ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤੋਂ ਵੀ ਵਰ ਪ੍ਰਾਪਤ ਹੋਇਆ ਸੀ ਕਿ ਇਹ ਬੰਦ ਖਲਾਸੀ ਕਰੋਣ ਵਾਲੇ ਵੱਡੇ ਪ੍ਰਤਾਪ ਵਾਲੇ ਹੋਣਗੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਗੁਵਾਈ ਵਿਚ ਸਮੁਚਾ ਦੇਸ਼ ਸਦੀਆਂ ਦੀ ਗੁਲਾਮੀ ਤੋਂ ਮੁੱਕਤ ਹੋਇਆ ਆਪ ਜੀ ਏਸੀ ਦੇਵਿਕ ਸਕਸਿਅਤ ਸਨ ਜਿਸ ਨੇ ਵੱਖ-ਵੱਖ ਫਿਰਕਿਆਂ ਪਾਰਟੀਆਂ ਅਤੇ ਜਥੇ ਬੰਦੀਆਂ ਦਾ ਮਿਲਾਪ ਕਰਵਾ ਕੇ ਸਬਨਾ ਨੂੰ ਦੇਸ਼ ਭਗਤੀ ਲਈ ਪ੍ਰੇਰਿਆ।

ਹਿੰਦੂ ਸਿੱਖ ਅਤੇ ਮੁਸਲਮਾਨਾਂ ਨੂੰ ਇਕੱਠੇ ਕਰਨ ਦੇ ਜਤਨ ਕੀਤੇ ਤਾਂ ਜੋ ਦੇਸ਼ ਵਿਚ ਇੰਕਲਾਬ ਆ ਸਕੇ ਸਤਿਗੁਰੂ ਜੀ ਨੇ ਜੀਵਨ ਭਰ ਨਾਮਧਾਰੀਆਂ ਵਿਚ ਨਾਮ ਬਾਣੀ ਦਾ ਪਰਵਾਹ ਚਲਾਇਆ ਤੇ ਆਰਥਕ ਸੁਖ ਬਕਸ਼ੇ ਆਪਣੇ ਸਿੱਖਾਂ ਦੀ ਸੇਹਤ ਸੰਭਾਲ ਤੁ ਗਊ ਗਰੀਬਾਂ ਦੇ ਭਲੇ ਲਈ ਉਚੇਚਾ ਧਿਆਨ ਦਿੰਦੇ ਰਹੇ। ੧੯੪੭ ਵਿਚ ਦੇਸ਼ ਦੀ ਵੰਡ ਹੋਣ ਪਿੱਛੋਂ ਪਾਕਿਸਤਾਨ ਤੋਂ ਉਜੜ ਪੁਜੜ ਕੇ ਆਏ ਸਿੱਖਾਂ ਨੂੰ ਜੀਵਨ ਨਗਰ ਇਲਾਕੇ ਦੀ ਜਮੀਨ ਖਰੀਦ ਕੇ ਮੁੜ ਵਸਾਇਆਂ ਸੋ ਅੱਜ ਉਹ ਇਲਾਕਾ ਬੜਾ ਖੁਸ਼ਹਾਲ ਬਣਿਆ ਹੋਇਆ ਹੈ। ਸ੍ਰੀ ਸਤਿਗੁਰੂ ਜੀ ਨੇ ਗੁਰਮਤ ਸੰਗੀਤ ਵਲ ਵੀ ਪੂਰਾ ਧਿਆਨ ਦਿੱਤਾ ੧੯੩੩ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਇਕ ਗੁਰਮਤ ਸੰਗੀਤ ਸੰਮੇਲਨ ਕਰਵਾਇਆ ਤੇ ਰਾਗੀਆਂ ਨੂੰ ਬਹੁਤ ਇਨਾਮ ਵੰਡੇ। ਆਪ ਜੀ ਨੂੰ ਸੰਗੀਤ ਦਾ ਜਾ ਹੋਰ ਕੋਈ ਜਦੋਂ ਆਪਣੇ ਗੁਣਾ ਦਾ ਚਮਤਕਾਰ ਵਿਖਾਉਂਦਾ ਤਾਂ ਉਹ ਸਤਿਗੁਰਾਂ ਦੀਆ ਖੁਸੀਆ ਪ੍ਰਾਪਤ ਕਰਦਾ। ਸ੍ਰੀ ਸਤਿਗੁਰੂ ਜੀ ਦਾ ਬੱਚਿਆਂ ਨਾਲ ਬਹੁਤ ਪਿਆਰ ਸੀ ਸਦਾ ਬੱਚਿਆਂ ਵਲ ਮੁਸਕਰਾਂਦੇ ਹੋਇਆਂ ਆਪਣੀ ਬੁੱਕਲ ਵਿਚ ਲੈ ਕੇ ਉਹਨਾਂ ਦੀਆਂ ਬਦਾਮਾ ਨਾਲ ਝੋਲਿਆਂ ਭਰ ਦਿੰਦੇ ਸਨ। ਆਪਜੀ ਦਾ ਫੁਰਮਾਣ ਸੀ ਕਿ ਬਚਪਨ ਹੀ ਉਹ ਧਰਤੀ ਹੈ ਜਿਸ ਵਿਚ ਉੱਚੇ ਵਿਚਾਰਾਂ ਦਾ ਅਤੇ ਸ਼ੁਧ ਵਿਹਾਰ ਦੇ ਬੀਜ ਬੀਜੇ ਜਾ ਸਕਦੇ ਹਨ। ਬਚਪਨ ਦੇ ਪਕਾਏ ਸੰਸਕਾਰ ਉਮਰ ਭਰ ਸਾਥ ਨਹੀਂ ਛੱਡਦੇ ਇਸ ਲਈ ਬਚਪਨ ਵਿਚ ਚੰਗੀ ਸੰਗਤ ਤੇ ਉੱਦਮੀ ਵਤੀਰਾ ਸਭ ਨੂੰ ਮਿਲਨੇ ਚਾਹੀਦੇ ਹਨ। ਬਹੁਤੇ ਬੱਚਿਆਂ ਨਾਲੋ ਥੋੜੀ ਔਲਾਦ ਗੁਣਵਾਨ ਹੋਵੇ ਤਾਂ ਚੰਗੀ ਹੈ। ਤਾਂ ਜੋ ਬੱਚੇ ਨਰੋਇ ਤੇ ਸੇਹਤ ਮੰਦ ਹੋਣੇ ਚਾਹਿਦੇ ਹਨ। ਇਸੇ ਭਾਵਨਾ ਦੀ ਸ੍ਰੀ ਸਤਿਗੁਰੂ ਜੀ ਨੇ ਬਚਿਆਂ ਲਈ ਜੀਵਨ ਨਗਰ ਵਿਚ ੫੦੦ ਏਕੜ ਜਮੀਨ ਸਕੂਲ ਦੇ ਨਾਮ ਲਾ ਦਿੱਤੀ। ਜਿੱਥੋ ਬਚਿਆਂ ਨੂੰ ਹਰ ਤਰਾਂ ਦੀ ਸੁਵਿਧਾ ਪ੍ਰਾਪਤ ਹੋ ਸਕੇ। ਆਪ ਜੀ ਦੀ ਇੱਛਾ ਸੀ ਕੀ ਨਾਮਧਾਰੀ ਬੱਚੇ  ਸਮਾਜ ਵਿਚ ਆਤਮ ਨਿਰਭਰ ਹੋਣ ਤੇ ਹੋਰਨਾ ਵਿਚ ਵੀ ਸ਼ੁਧ ਸੰਸਕਾਰੀ ਬਨਣ ਦੀ ਪ੍ਰੇਰਣਾ ਦੇਣ ਬਚਿਆਂ ਵਿਚ ਪਿਆਰ ਅਤੇ ਭਾਈ ਚਾਰਾ ਹੋਵੇ ਤਾਂ ਵੱਡੇ ਹੋਕੇ ਵੀ ਦੂਜਿਆਂ ਲਈ ਮਿਸਾਲ ਕਾਇਮ ਕਰ ਸਕਣ ।

## ਹੌਸਲਾ ਰੱਖੋ

ਸਿੱਖਾਂ ਨੂੰ ਹੋਸਲਾ ਰੱਖਣ ਦੀ ਲੋੜ ਹੈ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਜਰੂਰ ਹੋਣੇਂ ਨੇ। ਜਿੰਨੇ ਮਰਜੀ ਹਾਲਾਤ ਖਰਾਬ ਹੋ ਜਾਣ ਸਿੱਖ-ਸਿੱਖ ਨੂੰ ਮਾਰਨ ਲੱਗੇ, ਈਰਖਾ, ਦੁਵੈਸ਼ ਅਤੇ ਹਿੰਸਾ ਜਿੰਨੇ ਮਰਜੀ ਵੱਧ ਜਾਣ ਪਰ ਤੁਸੀਂ ਸਤਿਗੁਰੂ ਜੀ ਤੇ ਭਰੋਸਾ ਨਹੀਂ ਛੱਡਣਾ। ਸਤਿਗੁਰਾਂ ਦੀ ਦੱਸੀ ਮਰਿਯਾਦਾ ਦਾ ਤਿਆਗ ਨਹੀਂ ਕਰਨਾ।

ਸਤਿਗੁਰ ਸਦਾ ਹੀ ਤੁਹਾਡੇ ਅੰਗ ਸੰਗ ਸਹਾਈ ਹੈ।ਜਿਹੜਾ ਸਿੱਖ ਸਤਿਗੁਰਾਂ ਦੀ ਦੱਸੀ ਮਰਿਯਾਦਾ ਤੇ ਚੱਲੇਗਾ ਅਤੇ ਸਵੇਰੇ ਸੁਰਜ ਚੜਨ ਤੌਂ ਪਹਿਲਾਂ ਇਸ਼ਨਾਨ ਕਰੇਗਾ, ਥਾਲਾ ਧੋ ਕੇ ਪਿਏ ਗਾ,ਕਿਰਤ ਦੀ ਕਮਾਈ ਕਰੇ ਗਾ, ਉਹ ਸਿੱਖ ਕਦੀ ਭੁੱਖਾ ਨਹੀਂ ਰਹੇਗਾ, ਈਸੇ ਸਿੱਖ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਜਰੂਰ ਹੌਣ ਗੇ।

ਹੁਕਮ :  ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

# ਬਚਨ ਸਤਿਗੁਰੂ ਪ੍ਰਤਾਪ ਸਿੰਘ ਜੀ

**ਵੱਡਾ ਕਾਕਾ(ਸਤਿਗੁਰੂ ਦਲੀਪ ਸਿੰਘ ਜੀ)ਤੇ ਆਉਂਦਾ ਨਹੀ ਸੀ ਮੈਂ ਇਹਨਾ ਨੂੰ ਜਾ ਕੇ ਦਰਗਾਹ ਚੌਂ ਲਿਆਂਦਾ ਹੈ।**



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਸ੍ਰੀ ਸਤਿਗੁਰੂ ਦਲੀਪ ਸਿੰਘ ਜੀ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਦਲੀਪ ਸਿੰਘ ਜੀ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਸ੍ਰੀ ਸਤਿਗੁਰੂ ਦਲੀਪ ਸਿੰਘ ਜੀ ਅਫਰੀਕਾ ਦੌਰੇ ਸਮੇਂ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਸ੍ਰੀ ਸਤਿਗੁਰੂ ਦਲੀਪ ਸਿੰਘ ਜੀ ਘੋੜੇਆਂ ਦੀ ਰੇਸ ਦੇਖਦੇ ਹੋਏ



ਸ੍ਰੀ ਸਤਿਗੁਰੂ ਦਲੀਪ ਸਿੰਘ ਜੀ ਦੇ ਸਾਹਿਬਾਬਾਦ(ਯੂ.ਪੀ) ਦਰਸ਼ਨ ਦੇਨ ਸਮੇਂ ਫੁੱਲਾਂ ਨਾਲ ਸਵਾਗਤ ਕਰਦੀ ਸੰਗਤ।



ਸ੍ਰੀ ਸਤਿਗੁਰੂ ਦਲੀਪ ਸਿੰਘ ਜੀ ਨੇ ਸੰਤ ਗੁਰਵਿੰਦਰ ਸਿੰਘ ਦੇ ਗ੍ਰਿਹ ਵਿਖੇ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ।



ਸ੍ਰੀ ਸਤਿਗੁਰੂ ਦਲੀਪ ਸਿੰਘ ਜੀ ਸਹਿਬਾਬਾਦ (ਯੂ.ਪੀ) ਦੇ ਦੌਰੇ ਸਮੇਂ ਬੱਚਿਆਂ ਨੂੰ ਦਸਤਾਰ ਸਜਾਉਣ ਦੀ ਕ੍ਰਿਪਾ ਕੀਤੀ।



ਸੰਤ ਪ੍ਰਿਥਵੀਪਾਲ ਸਿੰਘ ਜੀ ਆਪਣੇ ਪਰਿਵਾਰ ਸਮੇਤ ਸ੍ਰੀ ਸਤਿਗੁਰੂ ਦਲੀਪ ਸਿੰਘ ਜੀ ਪਾਸੋਂ ਖੁਸ਼ੀਆਂ ਮੰਗਦੇ ਹੋਏ।

**ਸਾਰੀ ਸਾਧ ਸੰਗਤ ਨੂੰ ਨਵੇ ਰਸਾਲੇ ਸਤਿਯੁਗ ਦੇ ਪ੍ਰਕਾਸ਼ਨ ਦੀ ਵਧਾਈ।**
**ਇਹ ਰਸਾਲਾ ਸਾਧ ਸੰਗਤ ਦਵਾਰਾ ਸਾਧ ਸੰਗਤ ਲਈ ਸ਼ੁਰੂ ਕੀਤਾ ਗਿਆ ਹੈ।**
**ਇਹ ਰਸਾਲਾ ਸਾਧ ਸੰਗਤ ਨੂੰ ਸਪਤਾਹਿਕ ਮਿਲਿਆ ਕਰੇ ਗਾ।**
**ਰਸਾਲੇ ਦੀ ਆਰਥਿਕ ਮਦਦ ਲਈ ਪ੍ਰਬਧਕਾਂ ਨਾਲ ਸੰਪ੍ਰਕ ਕਰੋ।**



ਸ੍ਰੀ ਸਤਿਗੁਰੂ ਦਲੀਪ ਸਿੰਘ ਜੀ ਨੇ ਸੰਤ ਬਲਵਿੰਦਰ ਸਿੰਘ ਦੇ ਨਵੇਂ ਗ੍ਰਹਿ ਵਿਖੇ ਚਰਨ ਪਾ ਕੇ ਪਰਿਵਾਰ ਤੇ ਕ੍ਰਿਪਾ ਕੀਤੀ।

# हमारी सेहत और आयुर्वेद

जनमानस मे यह धारणा है कि आयुर्वेद 5000 वर्ष पुरानी उपचार पद्धति तथा इसमें प्राकृतिक जड़ी बूटियों का उपयोग किया जाता है तथा साथ ही मन में प्रश्न भी उठता है, कि आधुनिक युग में जहाँ आधुनिक चिकित्सा विज्ञान ने इतनी तरकी कर ली है, क्या आज भी आयुर्वेद की कोई सार्थकता है तथा क्या आज भी यह स्वास्थ्य प्राप्ति में लाभदायक भूमिका निभा सकता है। इसे समझने का प्रयत्न करते है।

वर्तमान युग में प्रत्येक व्यक्ति निरंतर बदल रही सुख सुविधाओं को जुटाने में लगा हुआ है और हर संभव अपने आप को समृद्ध बनाने की कोशिश करता है और सोचता है कि वो अपने पूर्वजों से बेहतर जीवन यापन करेगा। और निस्संदेह आधुनिक जीवन शैली द्वारा जो तस्वीर प्रस्तुत की जा रही है वह चमक-दमक से भरपूर है तथा विश्वस्तर का ज्ञान चुटकी में इंटरनेट के माध्यम से आपकी उँगली में है। और यातायात के साधन भी तेज और सुगम हो गए हैं और ऐसे कई उदाहरण है जो आधुनिक जीवन शैली को दर्शाते हैं।

हम इन सब आधुनिक सुख सुविधाओं की प्राप्ति के लिए क्या अपेक्षा रखते है- हमारे शरीर और मन को कम तनाव झेलना पड़ेगा और जीवन सुगम हो जाएगा । जरा सोचें कि क्या वास्तव में हमे यह प्राप्त हो रहा है, क्या तनाव पहले से कम हुआ है, क्या जीवन सुगम हुआ है? क्या वास्तव में हमारी जीवन शैली सुख स्वास्थ्य प्राप्त कर रही है? शायद नहीं वास्तव में कुछ और ही है। एक नवीन शोध के अनुसार आज कल नौजवान पीढी में पीठ दर्द, मधुमेह, अवसाद आदि अनेक रोग अपने पूरवजों से कहीं ज्यादा बढ गए है।अब जरा अपने आस-पास देखिये हर कोई किसी ना किसी बीमारी से ग्रस्त है। और ज्यादा तर लोगों के रोग का कारण है तनाव, आलस्य, व्यायाम की कमीं, लम्बे समय तक कंप्यूटर का उपयोग ,नौकरी व्यवसाय और परिवार से सम्बंधित मानसिक अवसाद इत्यादि। आयुर्वेद में इन सभी बीमारियों के पूरन इलाज है। अगर हम आयुर्वेद से जुड़ें तो अपना जीवन बीमारी रहित बनां सकते है।

डा. सरवप्रीत सिंह

# ਸਤਿਗੁਰ ਦਰਸ਼ਨ

ਇੱਕ ਰਾਤ ਜਦ ਮੈਂ ਕੀਰਤਨ ਸੋਹਲੇ ਦਾ ਪਾਠ ਕਰਕੇ ਅਰਦਾਸ ਕੀਤੀ ਤਾਂ ਮੇਰੇ ਮਨ ਵਿਚ ਇਕ ਹੀ ਖਿਆਲ ਸੀ ਕੀ ਹੇ ਸੱਚੇ ਪਾਤਸ਼ਾਹ ਇਹ ਕੀ ਭਾਣਾਂ ਵਰਤ ਰਿਹਾ ਹੈ ਕਿਉਂ ਸਾਡੇ ਭਰਾ ਇਕ ਦੂਜੇ ਨਾਲ ਲੜਦੇ ਪਏ ਨੇ ਇੰਨੇ ਵਿਚ ਮੈਨੂੰ ਨੀਂਦ ਆ ਗਈ ਤੇ ਮੈਂ. ਦੇਖਿਆ ਕਿ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਾਡੇ ਘਰ ਮੰਜੇ ਤੇ ਵਿਰਾਜਮਾਨ ਨੇ ਤੇ ਸੰਗਤਾ ਨੂੰ ਦਰਸ਼ਨ ਦੇ ਕੇ ਨਿਹਾਲ ਕਰ ਰਹੇ ਹਨ। ਸਬ ਸੰਗਤਾ ਅਰਜਾ ਕਰ ਰਹਿਆਂ ਹਨ। ਮੈਂ ਵੀ ਅਰਜ ਕੀਤੀ ਪਰ ਸਤਿਗੁਰੂ ਜੀ ਨੇ ਕੋਈ ਹੁਕਮ ਨਹੀਂ ਕੀਤਾ ਸਾਰਿਆਂ ਸੰਗਤਾ ਬਹੁਤ ਹੀ ਪਰੇਸ਼ਾਨ ਹੋ ਰਹਿਆਂ ਸਨ ਕੀ ਏੱਨੇ ਵਿਚ ਸਤਿਗੁਰੂ ਜੀ ਹੁਕਮ ਕੀਤਾ ਕੀ ਵੱਡੇ ਕਾਕੇ ਨੂੰ ਸੱਦੋ.... ਪਜਾਂ ਮਿੰਟਾ ਵਿੱਚ ਵੱਡੇ ਠਾਕੁਰ ਜੀ ਆ ਗਏ ਤੇ ਸਤਿਗੁਰੂ ਜੀ ਹੁਕਮ ਕੀਤਾ "ਹੁਣ ਜੋ ਹੁਕਮ ਕਰੇ ਗਾ ਵੱਡਾ ਕਾਕਾ ਕਰੇ ਗਾ ਹੁਣ ਇਸ ਵਿੱਚ ਹੀ ਮੇਰੇ ਦਰਸ਼ਨ ਕਰੋ ਇਹ ਹੀ ਹੁਣ ਤੁਹਾਡੀ ਬਾਂਹ ਫੜੇਗਾ"। ਮੈਂ ਅਰਜ ਕੀਤੀ ਪਾਤਸ਼ਾਹ ਜੀ ਪੰਥ ਵਿੱਚ ਪਾਟਕ ਪਿਆ ਹੋਇਆ ਹੈ ਉਹ ਕਿੱਦਾਂ ਦੂਰ ਹੋਵੇਗਾ। ਪਾਤਸ਼ਾਹ ਜੀ ਹੁਕਮ ਕੀਤਾ "ਵੱਡਾ ਕਾਕਾ ਆਪੇ ਸਬ ਠੀਕ ਕਰ ਲਵੇਗਾ ਹੁਣ ਸਿੱਖ ਪੰਥ ਦੀ ਏਕਤਾ ਵੱਡਾ ਕਾਕਾ ਹੀ ਕਰਾਏ ਗਾ"।

ਏਹਨਾ ਬਚਨ ਹੌਣ ਤੋ ਬਾਅਦ ਸਤਿਗੁਰੂ ਜੀ ਅਲੋਪ ਹੋ ਗਏ ਅਤੇ ਠਾਕੁਰ ਦਲੀਪ ਸਿੰਘ ਜੀ ਸੰਗਤਾ ਨੂੰ ਦਰਸ਼ਨ ਦੇ ਰਹੇ ਹਨ ਅਤੇ ਸੰਗਤਾ ਧੰਨ ਸਤਿਗੁਰੂ ਦਲੀਪ ਸਿੰਘ ਜੀ ਦੇ ਜੈਕਾਰੇ ਲਗਾ ਰਹੀਆਂ ਨੇ। ਇਹਨਾ ਦੇਖਦੇ ਹੀ ਮੇਰੀ ਨੀਂਦ ਖੁਲ ਗਈ ਤੇ ਦੇਖਿਆ ਕੀ ਮੇਰੀ ਸਿੰਘਨੀ ਵੀ ਉੱਠੀ ਹੋਈ ਹੈ ਅਤੇ ਉਸ ਨੂੰ ਵੀ ਏਹੀ ਸੁਪਨਾ ਆਇਆ ਹੈ। ਉਸ ਦਿਨ ਤੋਂ ਮੈ ਪੰਥ ਬਾਰੇ ਸੋਚਨਾ ਬੰਦ ਕਰ ਦਿੱਤਾ ਕਿਉਂਕੀ ਜੇੜਾ ਸਤਿਗੁਰੂ ਹੈ ਹੁਣ ਉਹ ਆਪੇ ਸਬ ਸਾਂਭੇ ਗਾ।

ਗੁਰਬਾਗ ਸਿੰਘ

# ਸਤਿਗੁਰੂ ਨਾਨਕ ਨਾਮ ਲੇਵਾ ਸਰਬ ਸੰਪਰਦਾਇ ਸੰਮੇਲਨ

## ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਵਾਰਾ ਆਯੋਜਿਤ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਨਾਨਕ ਨਾਮ ਲੇਵਾ ਕਾਨਫ੍ਰੰਸ 1934ਈ.



1934 ਈ.ਵਿਚ ਹੋਈ ਕਾਨਫ੍ਰੰਸ ਦਾ ਦ੍ਰਿਸ਼।



1934 ਈ.ਵਿਚ ਹੋਈ ਕਾਨਫ੍ਰੰਸ ਵਿਚ ਸ਼ਾਮਲ ਸੰਗਤਾਂ ਦਾ ਜੱਥਾ।

## ਸ੍ਰੀ ਸਤਿਗੁਰੂ ਦਲੀਪ ਸਿੰਘ ਜੀ ਦਵਾਰਾ ਆਯੋਜਿਤ ਦਿੱਲੀ ਵਿਖੇ ਸਤਿਗੁਰੂ ਨਾਨਕ ਨਾਮ ਲੇਵਾ ਕਾਨਫ੍ਰੰਸ 21 ਅਪੈਲ 2014ਈ.



ਸਤਿਗੁਰੂ ਦਲੀਪ ਸਿੰਘ ਜੀ ਦੇ ਨਾਲ ਜਥੇਦਾਰ ਇਕਬਾਲ ਸਿੰਘ ਜੀ, ਡ. ਸਵਾਮੀ ਜੀ, ਹੇਡ ਗ੍ਰੰਥੀ ਦਮਦਮਾ ਸਾਹਿਬ ਅਤੇ ਸਵਾਮੀ ਨਿਖਿਲਾਨੰਦ ਜੀ ਅਤੇ ਹੋਰ ਸੰਪ੍ਰਦਾਵਾਂ ਦੇ ਮੁਖੀ ।



ਅਰਦਾਸ ਸਮੇਂ ਸਤਿਗੁਰੂ ਦਲੀਪ ਸਿੰਘ ਜੀ ਦੀ ਹਜੂਰੀ ਵਿਚ ਜੱਥੇਦਾਰ ਇਕਬਾਲ ਸਿੰਘ ਜੀ, ਡਾ. ਸਵਾਮੀ ਜੀ, ਡਾ. ਅਜੈਬ ਸਿੰਘ ਜੀ ਅਤੇ ਹੋਰ ਪ੍ਰਮੁਖ ਹੱਸਤੀਆਂ



ਵਿਸਮਾਦੁ ਰੂਪ ਵਿਸਮਾਦੁ ਰੰਗ॥ ਸ੍ਰੀ ਸਤਿਗੁਰੂ ਨਾਨਕ ਦੇਵ ਜੀ।

ਪ੍ਰਭੂ ਦੀ ਸਿਰਜੀ ਪ੍ਰਕਿਰਤੀ ਦੇ ਰੰਗ ਅਤੇ ਆਕਾਰ, ਅਦਭੁਤ ਅਤੇ ਚਕਿਤ ਕਰਨ ਵਾਲੇ ਹਨ। ਐਸੇ ਪ੍ਰਭੂ ਨੂੰ ਸਦਾ ਚੇਤੇ ਰੱਖਦਾ ਹੋਇਆ, ਮਾੜੇ ਕਰਮਾ ਤੋਂ ਬਚ। ਜੇ ਤੂੰ ਕੁਦਰਤ ਨੂੰ ਨਸ਼ਟ ਕਰੇਂਗਾ ਤਾਂ ਉਹ ਵੀ ਤੈਨੂੰ ਆਪਣੀਆਂ ਆਫਤਾਂ ਨਾਲ ਨਸ਼ਟ ਕਰ ਦੇਵੇਗੀ।

ਨਾਮਧਾਰੀ ਸੰਗਤ
Namdhari Sangat
Printed & Published from Namdhari Gurdwara, Ramesh Nagar, New Delhi INDIA-110015.